## ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ।

ਈ-ਬਲਾਕ, ਪੰਜਵੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ-8, ਸ.ਅ.ਸ ਨਗਰ (ਮੋਹਾਲੀ)।
ਫੋਨ ਨੰ:0172-5212322, ਈ-ਮੇਲ:smartschool@punjabeducation.gov.in

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫ਼ਸਰ (ਐ.ਸਿ. ਅਤੇ ਸੈ.ਸਿ.)
ਪੰਜਾਬ।

ਮੀਮੋ ਨੰ: ਸਸਅ/ਸਮਾਰਟ ਸਕੂਲ/720987/2024-25/ 15625।
ਮਿਤੀ : 02-07.2024

**ਵਿਸ਼ਾ:-** **ਬਰਸਾਤ ਦੇ ਮੌਸਮ ਦੌਰਾਨ ਸਕੂਲਾਂ ਵਿਚ ਪੌਦੇ ਲਗਾਉਣ ਸਬੰਧੀ ਐਜੂਸੈੱਟ ਰਾਂਹੀ ਲੈਕਚਰ ਦੇਣ ਸਬੰਧੀ।**

1.0 ਉਪਰੋਕਤ ਵਿਸ਼ੇ ਸਬੰਧੀ ਮੌਨਸੂਨ ਸੀਜ਼ਨ ਦੌਰਾਨ ਸਕੂਲਾਂ ਵਿੱਚ ਪੌਦੇ ਲਗਾਏ ਜਾਣੇ ਹਨ। ਇਸ ਸਬੰਧੀ ਜਾਣਕਾਰੀ ਦੇਣ ਲਈ ਮਿਤੀ 04.07.2024 ਨੂੰ ਸਵੇਰੇ 10:00 ਵਜੇ ਤੋਂ 12:00 ਵਜੇ ਤੱਕ ਐਜੂਸੈੱਟ ਰਾਹੀਂ ਸਪੈਸ਼ਲ ਲੈਕਚਰ ਦਾ ਪ੍ਰਸਾਰਨ ਕੀਤਾ ਜਾਵੇਗਾ। ਇਸ ਸਪੈਸ਼ਲ ਲੈਕਚਰ ਵਿੱਚ Forest Department ਦੇ ਵਿਸ਼ੇਸ਼ ਮਾਹਿਰਾਂ ਵੱਲੋਂ ਪੌਦੇ ਲਗਾਉਣ ਸਬੰਧੀ ਜਾਣਕਾਰੀ ਕੀਤੀ ਜਾਵੇਗੀ। ਆਪ ਨੂੰ ਲਿਖਿਆ ਜਾਂਦਾ ਹੈ ਕਿ ਇਸ ਵਿਸ਼ੇਸ਼ ਲੈਚਕਰ ਦੌਰਾਨ ਅਧਿਆਪਕਾਂ ਅਤੇ ਕੈਂਪਸ ਮੈਨੇਜਰਾਂ ਵੱਲੋਂ ਸਬੰਧਤ ਸਕੂਲ ਦੇ ਆਰ.ਓ.ਟੀ. ਤੇ ਵੇਖਣਾ ਯਕੀਨੀ ਬਣਾਇਆ ਜਾਵੇ।

2.0 ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿ), ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਨਾਲ ਤਾਲਮੇਲ ਕਰਕੇ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਵਿੱਚ ਚਾਲੂ ਹਾਲਤ ਵਿੱਚ ਆਰ.ਓ.ਟੀਜ਼ ਬਾਰੇ ਪੜਤਾਲ ਕਰਕੇ ਨੇੜੇ ਦੇ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਵਿੱਚ ਇਹ ਲੈਕਚਰ ਅਟੈਂਡ ਕਰਨਾ ਯਕੀਨੀ ਬਣਾਉਣਗੇ। ਇਸ ਸਬੰਧੀ ਸਬੰਧਤ ਸਕੂਲ ਮੁਖੀਆਂ ਨਾਲ ਫੋਨ ਤੇ ਰਾਬਤਾ ਕਾਇਮ ਕਰਕੇ ਪੂਰਨ ਯੋਜਨਾਬੰਦੀ ਪਹਿਲਾਂ ਹੀ ਕਰ ਲਈ ਜਾਵੇ।

3.0 ਪ੍ਰਾਇਮਰੀ ਸਕੂਲਾਂ/ਮਿਡਲ ਸਕੂਲਾਂ ਦੇ ਮੁਖੀ/ਇੰਚਾਰਜ ਇਸ ਲੈਕਚਰ ਨੂੰ ਅਟੈਂਡ ਕਰਨਾ ਯਕੀਨੀ ਬਣਾਉਣਗੇ।

-ਸਹੀ-
ਡਾਇਰੈਕਟਰ ਸਕੂਲ ਸਿੱਖਿਆ (ਸੈ.ਸਿ.)
ਪੰਜਾਬ

ਪਿੱਠ ਅੰਕਣ ਨੰ. : ਉੱਕਤ ਮਿਤੀ : 02-07-2024

ਉੱਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

(1) Financial Commissioner, Department of Forests & Wildlife, Preservation, Punjab.
(2) ਡਿਪਟੀ ਐੱਸ.ਪੀ.ਡੀ., ICT/EDUSAT
(3) ਸਮੂਹ ਜਿਲ੍ਹਾ ਕੁਆਰਡੀਨੇਟਰ, ਐਜੂਸੈੱਟ
(4) ਸਮੂਹ ਸਕੂਲ ਮੁੱਖੀ, ਪੰਜਾਬ (ਵੈਬਸਾਇਟ ਰਾਹੀਂ)।

04/07/2024
ਸਹਾਇਕ ਡਾਇਰੈਕਟਰ, ਪੰਜਾਬ

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ :ਜੀ-1/1 ( )2024/ 9069 ਮਿਤੀ: 03/07/2024

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।

3/7/24

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।